NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning / ਹੋਮ ਕਲੀਨਿੰਗ
Carpet Cleaning / ਕਾਰਪੇਟ ਕਲੀਨਿੰਗ
Floor Polishing / ਫਲੋਰ ਪੋਲਿਸ਼ਿੰਗ
Water Blaster / ਵਾਟਰ ਬਲਾਸਟਰ
Lawn Mowing / ਲਾਅਨ ਮੂਵਿੰਗ
Carpet Cleaning 3 Bedroom $95 5 Bedroom $135
Contact : Raj 021 8740 730, 0800 253 2687
www.redcleaning.co.nz

02 April 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਕ੍ਰਾਈਸਚਰਚ ਲੁੱਟਮਾਰ ਦੀ ਵਾਰਦਾਤ ਸਬੰਧੀ ਪੁਲਿਸ ਨੇ ਤਸਵੀਰ ਜਾਰੀ ਕੀਤੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਕ੍ਰਾਈਸਚਰਚ ਸੁਪਰਮਾਰਕਿਟ ਵਿੱਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੀ ਘਟਨਾ ਤੋਂ ਬਾਅਦ ਪੁਲਿਸ ਨੇ ਇੱਕ ਤਸਵੀਰ ਜਾਰੀ ਕੀਤੀ ਹੈ ਜਿਸ ਵਿੱਚ ਇੱਕ ਸਖਸ਼ ਬਿੱਲੀ ਦੇ ਮੂੰਹ ਵਾਲਾ ਮਾਸਕ ਪਾਈ ਦਿਖਾਈ ਦੇ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਵੈਸੇ ਤਾਂ ਤਿੰਨ ਆਦਮੀ ਸ਼ਾਮਿਲ ਸਨ ਜਿਨ੍ਹਾਂ ਮਾਲ ਵਿੱਚ ਇੱਕ ਸੁਰੱਖਿਆ ਕਰਮੀ ਨੂੰ ਵੀ ਗੰਭੀਰ ਜਖਮੀ ਕਰ ਦਿੱਤਾ ਸੀ ਅਤੇ ਲੁੱਟਮਾਰ ਵੀ ਕੀਤੀ ਸੀ। ਤਿੰਨਾਂ ਨੇ ਨੋਰਥਲੈਂਡ ਮਾਲ ਸੁਪਰਮਾਰਕੀਟ ਵਿੱਚ 11ਵਜੇ ਤੇ ਲੱਗਭਗ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇਸ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ (03) 3637400 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਜੈਸ਼ਿੰਦਾ ਨੇ ਕੀਤੀ ਚੀਨ ਦੇ ਰਾਸ਼ਟਰਪਤੀ ਨਾਲ ਮੁਲਾਕਾਤ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪ੍ਰਧਾਨ ਮੰਤਰੀ ਜੈਕਿੰਦਾ ਅਰਡਨ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕੀਤੀ। ਸ਼ੀ ਜਿਨਪਿੰਗ ਨੇ ਆਰਡਨ ਨੂੰ ਦੱਸਿਆ ਸੀ ਕਿ ਦੁਵੱਲੇ ਸਬੰਧ ਨੂੰ ਮਜਬੂਤ ਕਰਨ ਅਤੇ "ਵਿਕਾਸ ਦੇ ਨਵੇਂ ਮੌਕੇ" ਤਲਾਸ਼ਣ ਲਈ ਦੋਵਾਂ ਦੇਸ਼ਾਂ ਨੂੰ ਇੱਕ ਦੂਜੇ ਉੱਤੇ ਭਰੋਸਾ ਕਰਨਾ ਚਾਹੀਦਾ ਹੈ।ਆਧੁਨਿਕੀਨ ਚੀਨ ਦੇ ਨਾਲ ਨਿਊਜ਼ੀਲੈਂਡ ਦੇ ਮਹੱਤਵਪੂਰਣ ਸਬੰਧਾਂ ਨੂੰ ਮਜਬੂਤ ਕਰਨ ਕਰਨ ਦੇ ਨਜਰੀਏ ਤੋਂ ਬੀਜਿੰਗ ਵਿਚ ਹੋਈ ਇਸ ਇਤਿਹਾਸਕ ਮੀਟਿੰਗ ਕਾਫੀ ਮਹੱਤਵਪੂਰਨ ਮੰਨੀ ਜਾ ਸਕਦੀ ਹੈ। ਇਸ ਤੋਂ ਬਿਨਾਂ ਇਸ ਮੀਟਿੰਗ ਦੇ ਮੁੱਖ ਏਜੰਡੇ 'ਤੇ ਵਪਾਰ ਅਤੇ ਸੁਰੱਖਿਆ ਦੇ



ਮੁੱਦਿਆਂ 'ਤੇ ਹੋਈ ਗੱਲਬਾਤ ਵੀ ਦੋਵਾਂ ਦੇਸ਼ਾਂ ਲਈ ਕਾਫੀ ਲਾਹੇਵੰਦ ਸਾਬਿਤ ਹੋਵੇਗੀ।ਆਪਣੇ ਉਦਘਾਟਨੀ ਭਾਸ਼ਣਾਂ ਵਿੱਚ, ਰਾਸ਼ਟਰਪਤੀ ਸ਼ੀ ਨੇ "ਕ੍ਰਾਈਸਟਚਰਚ ਦੀ ਗੋਲੀਬਾਰੀ 'ਤੇ ਡੂੰਘੀ ਹਮਦਰਦੀ" ਪ੍ਰਗਟ ਕੀਤੀ।ਜਿਨਪਿੰਗ ਕਿਹਾ ਕਿ ਚੀਨ ਨੇ ਨਿਊਜੀਲੈਂਡ ਨੂੰ ਇਕ ਈਮਾਨਦਾਰ ਮਿੱਤਰ ਅਤੇ ਸਹਿਯੋਗੀ ਸਾਥੀ ਦੀ ਨਜਰ ਤੋਂ ਦੇਖਿਆ ਹੈ। ਉਨ੍ਹਾਂ ਨੇ ਕਿਹਾ ਕਿ ਚੀਨ ਨਾਲ ਇਕ ਮੁਕਤ ਵਪਾਰ ਸਮਝੌਤੇ 'ਤੇ ਹਸਤਾਖਰ ਕਰਨ ਲਈ ਨਿਊਜ਼ੀਲੈਂਡ ਪਹਿਲਾ ਪੱਛਮੀ ਵਿਕਸਤ ਦੇਸ਼ ਹੈ, ਇਸ ਲਈ ਸਾਨੂੰ ਇਸ ਭਾਵਨਾ ਨਾਲ ਅੱਗੇ ਵਧਣਾ ਚਾਹੀਦਾ ਹੈ ਕਿ ਵਿਆਪਕ ਰਣਨੀਤਕ ਭਾਈਵਾਲੀ ਬਣੀ ਰਹੇ ਅਤੇ ਇਸ ਨਾਲ ਸਾਡੇ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਵੱਡੇ ਲਾਭ ਮਿਲਣਗੇ।ਜਵਾਬ ਵਿਚ, ਮਿਸ ਆਰਡਨ ਨੇ ਕ੍ਰਿਸਚਰਚ ਵਿਚ ਹੋਏ ਦਹਿਸ਼ਤੀ ਹਮਲੇ ਪ੍ਰਤੀ ਪ੍ਰਗਟਾਈ ਸੰਵੇਦਨਾ ਲਈ ਰਾਸ਼ਟਰਪਤੀ ਸ਼ੀ ਦਾ ਧੰਨਵਾਦ ਕੀਤਾ ਅਤੇ ਨਿਊਜ਼ੀਲੈਂਡ ਦੇ ਜਿਆਂਗਸੂ ਸੂਬੇ ਵਿਚਲੇ ਉਦਯੋਗਿਕ ਹਾਦਸੇ ਵਿਚ ਇਕ ਰਸਾਇਣਕ ਪਲਾਂਟ ਵਿਚ ਇਕ ਧਮਾਕੇ ਵਿਚ ਸੱਠ ਲੋਕਾਂ ਦੇ ਮਾਰੇ ਜਾਣ 'ਤੇ ਵੀ ਅਫਸੋਸ ਪ੍ਰਗਟ ਕੀਤਾ।

# ਨਿਊਜੀਲੈਂਡ ਖਿਡਾਰੀ ਸਕਾਟ ਕੁਗੇਲਿਨ ਚੇਨਈ ਸੁਪਰ 'ਚ ਖੇਡੇਗਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਾਬਕਾ ਚੈਂਪੀਅਨ ਚੇਨਈ ਸੁਪਰ ਕਿੰਗਜ਼ 'ਚ ਸੱਟ ਦਾ ਸ਼ਿਕਾਰ ਹੋਏ ਲੁੰਗੀ ਐਨਗਿਦੀ ਦੀ ਜਗ੍ਹਾ ਸਕਾਟ ਕੁਗੇਲਿਨ ਨੂੰ ਆਈ.ਪੀ.ਐੱਲ. 2019 ਦੇ ਬਾਕੀ ਸੈਸ਼ਨ ਲਈ ਟੀਮ 'ਚ ਸ਼ਾਮਲ ਕੀਤਾ ਗਿਆ ਹੈ। ਕੁਗੇਲਿਨ ਨੇ ਆਪਣੀ ਟੀਮ ਨਿਊਜ਼ੀਲੈਂਡ ਵੱਲੋਂ ਦੋ ਵਨ ਡੇ ਕੌਮਾਂਤਰੀ ਅਤੇ ਚਾਰ ਟਵੰਟੀ-20 ਮੈਚ ਖੇਡੇ ਹਨ। ਉਹ ਆਈ.ਪੀ.ਐੱਲ. 'ਚ ਪਹਿਲੀ ਵਾਰ ਖੇਡਣ ਉਤਰਨਗੇ। ਮਹਿੰਦਰ ਸਿੰਘ ਧੋਨੀ ਦੀ ਕਪਤਾਨੀ ਵਾਲੀ ਚੇਨਈ ਸੁਪਰ ਕਿੰਗਜ਼ ਨੇ ਅਜੇ ਤਕ ਦੋਵੇਂ ਮੈਚ ਜਿੱਤੇ ਹਨ। ਉਸ ਨੇ ਪਹਿਲੇ ਮੈਚ 'ਚ ਰਾਇਲ ਚੈਲੰਜਰਜ਼ ਬੈਂਗਲੁਰੂ ਨੂੰ 7 ਵਿਕਟਾਂ ਅਤੇ ਦੂਜੇ ਮੈਚ 'ਚ ਦਿੱਲੀ ਕੈਪੀਟਲਸ ਨੂੰ 6 ਵਿਕਟਾਂ ਨਾਲ ਹਰਾਇਆ ਸੀ।

# .ਗੈਰਕਾਨੂੰਨੀ ਤੌਰ 'ਤੇ ਰਹਿ ਰਹੇ 25 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ ਨਾਗਰਿਕਤਾ ਦੇ ਸਕਦਾ ਹੈ ਅਮਰੀਕਾ

ਵਾਸ਼ਿੰਗਟਨ- ਅਮਰੀਕਾ ਵਿਚ ਵਸਣ ਦਾ ਸੁਪਨਾ ਦੇਖਣ ਵਾਲੇ ਲੋਕਾਂ ਲਈ ਚੰਗੀ ਖਬਰ ਆਈ ਹੈ। ਅਮਰੀਕਾ ਜਲਦ ਹੀ .ਗੈਰਕਾਨੂੰਨੀ ਤੌਰ 'ਤੇ ਰਹਿ ਰਹੇ 25 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ ਨਾਗਰਿਕਤਾ ਦੇ ਸਕਦਾ ਹੈ। ਡੈਮੋਕ੍ਰੈਟਿਕ ਪਾਰਟੀ ਦੇ ਕੰਟਰੋਲ ਵਾਲੇ ਸੰਸਦ ਦੇ ਹੇਠਲੇ ਸਦਨ ਵਿਚ ਪੇਸ਼ 'ਦਾ ਡ੍ਰੀਮ ਐਂਡ ਪ੍ਰੌਮਿਸ ਐਕਟ 2019' ਉਨ੍ਹਾਂ ਪ੍ਰਵਾਸੀਆਂ ਲਈ ਵੱਡੀ ਰਾਹਤ ਸਾਬਤ ਹੋਵੇਗਾ ਜਿਨ੍ਹਾਂ ਨੂੰ ਕਿਸੇ ਵੀ ਵੇਲੇ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਸਕਦਾ ਹੈ। ਮੈਕਸੀਕੋ ਦੀ ਸਰਹੱਦ 'ਤੇ ਕੰਧ ਖੜੀ ਕਰਨ ਦੀਆਂ ਤਿਆਰੀਆਂ ਦਰਮਿਆਨ ਡੈਮੋਕ੍ਰੈਟਿਕ ਪਾਰਟੀ ਦਾ ਤਜਵੀਜ਼ਸ਼ੁਦਾ ਕਾਨੂੰਨ ਨਾਬਾਲਗ ਉਮਰ ਵਿਚ .ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦੀ ਧਰਤੀ 'ਤੇ ਕਦਮ ਰੱਖਣ




ਵਾਲਿਆਂ ਲਈ ਗਰੀਨ ਕਾਰਡ ਅਤੇ ਬਾਅਦ ਵਿਚ ਸਿਟੀਜ਼ਨਸ਼ਿਪ ਦਾ ਰਾਹ ਪੱਧਰਾ ਕਰਦਾ ਹੈ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀ ਸਪੀਕਰ ਨੈਨਸੀ ਪੇਲੋਸੀ ਨੇ ਸਦਨ ਵਿਚ ਐਕਟ ਪੇਸ਼ ਕਰਦਿਆਂ ਸਾਬਕਾ ਰਾਸ਼ਟਰਪਤੀ ਰੌਨਲਡ ਰੀਗਲ ਦੀ ਮਿਸਾਲ ਦਿਤੀ ਜਿਨ੍ਹਾਂ ਨੇ 1986 ਵਿਚ .ਗੈਰਕਾਨੂੰਨੀ ਪ੍ਰਵਾਸੀਆਂ ਨੂੰ ਆਮ ਮੁਆਫ਼ੀ ਦੇਣ ਲਈ ਕਾਨੂੰਨ 'ਤੇ ਦਸਤਖ਼ਤ ਕੀਤੇ ਸਨ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਲੰਮੇ ਸਮੇਂ ਤੋਂ ਰਹਿ ਰਹੇ ਪ੍ਰਵਾਸੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਨਾ ਬੇਹੱਦ ਜ਼ਰੂਰੀ ਹੈ ਜੋ ਹਰ ਲਿਹਾਜ਼ ਤੋਂ ਅਮੈਰਿਕਨ ਬਣ ਚੁੱਕੇ ਹਨ। ਅਜਿਹਾ ਕੋਈ ਵੀ ਕਦਮ ਸਿਆਸੀ ਹੱਦਾਂ ਤੋਂ ਉਪਰ ਉਠ ਕੇ ਵਧਾਇਆ ਜਾਣਾ ਚਾਹੀਦਾ ਹੈ। ਹਮਲੈਂਡ ਸਕਿਉਰਟੀ ਬਾਰੇ ਸਦਨ ਦੀ ਸਬ-ਕਮੇਟੀ ਦੀ ਮੁਖੀ ਲੂਸਿਲ ਰੋਇਬਾਲ ਅਲਾਰਡ ਬਿਲ ਦੀ ਮੁੱਖ ਸਪੌਂਸਰ ਹੈ ਅਤੇ ਡੈਮੋਕ੍ਰੈਟਿਕ ਪਾਰਟੀ ਦੇ ਦੋ ਹੋਰ ਮੈਂਬਰ ਇਸ ਸਹਿ-ਸਪੌਂਸਰ ਹਨ। ਉਧਰ ਇੰਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ ਡੈਮੋਕ੍ਰੈਟਿਕ ਪਾਰਟੀ ਦੇ ਤਜਵੀਜ਼ਸ਼ੁਦਾ ਬਿਲ ਨੂੰ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੀ ਸੈਨੇਟ ਵਿਚ ਅੜਿੱਕਿਆਂ ਦਾ ਸਾਹਮਣਾ ਕਰਨਾ ਪਵੇਗਾ

# ਤੂਫਾਨ ਨੇ ਮਚਾਈ ਤਬਾਹੀ, 27 ਮੌਤਾਂ ਤੇ 400 ਤੋਂ ਜ਼ਿਆਦਾ ਜ਼ਖ਼ਮੀ

ਕਾਠਮੰਡੂ; ਨੇਪਾਲ 'ਚ ਤੂਫਾਨ ਤੇ ਮੀਂਹ ਨਾਲ ਦੱਖਣੀ ਹਿੱਸੇ ਦੇ ਦੋ ਜ਼ਿਲ੍ਹਿਆ 'ਚ ਭਾਰੀ ਤਬਾਹੀ ਹੋਈ ਹੈ। ਹਾਦਸਿਆਂ 'ਚ 27 ਲੋਕਾਂ ਦੀ ਮੌਤ ਤੇ 400 ਤੋਂ ਜ਼ਿਆਦਾ ਜ਼ਖ਼ਮੀ ਹੋ ਗਏ ਹਨ। ਸਰਕਾਰ ਨੇ ਰਾਹਤ ਤੇ ਬਚਾਅ



ਕਾਰਜ ਲਈ ਸੈਨਾ ਬੁਲਾਈ ਹੈ। ਕਰੀਬ 100 ਜਵਾਨਾਂ ਨੂੰ ਪ੍ਰਭਾਵਿਤ ਖੇਤਰਾਂ 'ਚ ਭੇਜਿਆ ਗਿਆ ਹੈ। ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਵੀ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਹੈ। ਐਤਵਾਰ ਸ਼ਾਮ ਨੂੰ ਤੇਜ਼ ਹਵਾਵਾਂ ਨਾਲ ਬਾਰਸ਼ ਹੋਈ। ਤੂਫਾਨ 'ਚ ਕਈ ਕਾਰਾਂ ਤੇ ਬੱਸਾਂ ਹਾਈਵੇ ਤੋਂ ਫਿਸਲ ਗਈਆਂ। ਇਸ ਕਾਰਨ ਯਾਤਰੀ ਜ਼ਖ਼ਮੀ ਹੋ ਗਏ। ਇਸ ਦੌਰਾਨ ਬਾਰਾ ਤੇ ਪਰਸਾ ਜ਼ਿਲ੍ਹੇ ਦੇ ਕਈ ਘਰਾਂ ਨੂੰ ਨੁਕਸਾਨ ਪਹੁੰਚਿਆ। ਬਾਰਾ ਜ਼ਿਲ੍ਹੇ 'ਚ 26 ਲੋਕਾਂ ਦੀ ਜਾਨ ਗਈ ਹੈ। ਪੂਰਵੀ ਸੂਬਾ ਤ੍ਰਿਪੁਰਾ ਦੇ ਕੁਝ ਹਿੱਸਿਆਂ 'ਚ ਐਤਵਾਰ ਰਾਤ ਤੋਂ ਬਾਰਸ਼ ਹੋ ਰਹੀ ਹੈ। ਮੌਸਮ ਵਿਭਾਗ ਨੇ ਅਗਲੇ 24 ਘੰਟੇ ਹਨੇਰੀ-ਤੂਫਾਨ ਤੇ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਹੈ। ਬੀਤੇ 24 ਘੰਟਿਆਂ 'ਚ ਸੂਬੇ 'ਚ 72 ਮਿਲੀਮੀਟਰ ਬਾਰਸ਼ ਦਰਜ ਕੀਤੀ ਗਈ।

# ਐਮਾਜ਼ਨ ਦੇ CEO ਬੇਜੋਸ ਦਾ ਫੋਨ ਸਾਊਦੀ ਅਰਬ ਨੇ ਕੀਤਾ ਹੈਕ

ਵਾਸ਼ਿੰਗਟਨ - ਐਮਾਜ਼ਨ ਦੇ ਸੀ. ਈ. ਓ. ਜੈੱਫ ਬੇਜੋਸ ਦੀਆਂ ਅਤਰੰਗ ਤਸਵੀਰਾਂ ਲੀਕ ਹੋਣ ਦੀ ਜਾਂਚ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਉਨ੍ਹਾਂ ਦਾ ਫੋਨ ਸਾਊਦੀ ਅਰਬ ਨੇ ਹੈੱਕ ਕੀਤਾ ਸੀ। ਜਾਂਚ ਅਧਿਕਾਰੀਆਂ ਨੇ ਕਿਹਾ ਕਿ ਬੇਜੋਸ ਦੀਆਂ ਨਿੱਜੀ ਜਾਣਕਾਰੀਆਂ ਹਾਸਲ ਕਰਨ ਲਈ ਸਾਊਦੀ ਅਰਬ ਦੇ ਅਧਿਕਾਰੀਆਂ ਨੇ ਉਨ੍ਹਾਂ ਦਾ ਫੋਨ ਹੈਕ ਕੀਤਾ ਸੀ। ਜਾਂਚ ਅਧਿਕਾਰੀ ਗਾਵਿਨ ਡੀ ਬੇਕਰ ਨੇ ਐਤਵਾਰ ਨੂੰ ਆਪਣੀ ਜਾਂਚ ਦੇ ਨਤੀਜੇ 'ਚ ਸਾਊਦੀ ਅਰਬ ਦੇ ਅਧਿਕਾਰੀਆਂ 'ਤੇ ਸਵਾਲ ਚੁੱਕੇ ਹਨ। ਬੇਕਰ ਨੇ ਇਸ ਹੈਕ ਨੂੰ ਸਾਊਦੀ ਅਰਬ ਦੇ ਪੱਤਰਕਾਰ ਜਮਾਲ ਖਸ਼ੋਗੀ ਦੀ ਹੱਤਿਆ ਨੂੰ ਲੈ ਕੇ 'ਦਿ ਵਾਸ਼ਿੰਗਟਨ ਪੋਸਟ' ਅਖਬਾਰ ਵੱਲੋਂ ਕੀਤੀ ਗਈ ਕਵਰੇਜ ਨਾਲ ਜੁੜਿਆ ਪਾਇਆ। ਇਸ ਅਖਬਾਰ ਦਾ ਮਾਲਿਕਾਨਾ ਹੱਕ ਬੇਜੋਸ ਕੋਲ ਹੈ। ਖਸ਼ੋਗੀ ਦੀ ਹੱਤਿਆ ਤੁਰਕੀ ਦੇ ਇਸਤਾਨਬੁਲ 'ਚ ਸਾਊਦੀ ਅਰਬ ਦੇ ਵਣਜ ਦੂਤਘਰ 'ਚ ਪਿਛਲੇ ਸਾਲ ਹੋਈ ਸੀ।

# ਟਰੰਪ ਨੇ ਕਿਮ ਨੂੰ ਕਿਹਾ- ਸਾਨੂੰ ਦਿਓ ਪ੍ਰਮਾਣੂ ਹਥਿਆਰ ਤੇ ਬੰਬ

ਵਾਸ਼ਿੰਗਟਨ/ਪਿਓਂਗਯਾਂਗ - ਪਿਛਲੇ ਮਹੀਨੇ ਹਨੋਈ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉੱਤਰੀ ਕੋਰੀਆਈ ਨੇਤਾ ਕਿਮ ਜੋਂਗ ਉਨ ਵਿਚਾਲੇ ਹੋਈ ਸ਼ਿਖਰ ਬੈਠਕ ਅਚਾਨਕ ਖਤਮ ਹੋ ਗਈ ਸੀ। ਹੁਣ ਸਮਾਚਾਰ ਏਜੰਸੀ ਰਾਇਟਰਸ ਨੂੰ ਮਿਲੇ ਦਸਤਾਵੇਜ਼ਾਂ ਮੁਤਾਬਕ, ਇਸ ਬੈਠਕ 'ਚ ਟਰੰਪ ਨੇ ਕਿਮ ਨੂੰ ਇਕ ਪੇਪਰ ਦਿੱਤਾ ਸੀ ਜਿਸ 'ਚ ਉੱਤਰੀ ਕੋਰੀਆ ਨਾਲ ਉਸ ਦੇ ਪ੍ਰਮਾਣੂ ਹਥਿਆਰ ਅਤੇ ਬੰਬਾਂ ਨੂੰ ਅਮਰੀਕਾ ਨੂੰ ਦੇਣ ਦੀ ਧਮਕੀ ਦਿੱਤੀ ਗਈ ਸੀ। ਨਾਮ ਨਾ ਛਾਪਣ ਦੀ ਸ਼ਰਤ 'ਤੇ ਇਸ ਮਾਮਲੇ ਨਾਲ ਜੁੜੇ ਇਕ ਸੂਤਰ ਮੁਤਾਬਕ, 28 ਫਰਵਰੀ ਨੂੰ ਹਨੋਈ ਦੇ ਮੈਟਰੋਪੋਲ ਹੋਟਲ 'ਚ ਟਰੰਪ ਨੇ ਕਿਮ ਨੂੰ ਅਮਰੀਕਾ ਦੇ ਇਸ ਫੈਸਲੇ ਦੀ ਕੋਰੀਅਨ ਅਤੇ ਅੰਗ੍ਰੇਜ਼ੀ ਦੋਹਾਂ ਕਾਪੀਆਂ ਦਿੱਤੀਆਂ ਸਨ। ਸੂਤਰ ਨੇ ਕਿਹਾ ਕਿ ਅਜਿਹਾ ਪਹਿਲੀ ਵਾਰ ਸੀ ਜਦ ਕਿ ਟਰੰਪ ਨੇ ਖੁਦ ਸਿੱਧੇ ਟਰੰਪ ਨੂੰ ਇਹ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦਾ ਪ੍ਰਮਾਣੂ ਹਥਿਆਰਾਂ ਨੂੰ ਤਬਾਹ ਕਰਨ ਦਾ ਕੀ ਮਤਲਬ ਹੈ।





ਜ਼ਿਕਰਯੋਗ ਹੈ ਕਿ ਇਸੇ ਦਿਨ ਦੋਹਾਂ ਨੇਤਾਵਾਂ ਵਿਚਾਲੇ ਹੋਣ ਵਾਲੇ ਲੰਚ (ਦੁਪਹਿਰ ਦਾ ਖਾਣਾ) ਵੀ ਰੱਦ ਹੋ ਗਿਆ ਸੀ। ਹਾਲਾਂਕਿ ਕਿਸੇ ਵੀ ਪੱਖ ਨੇ ਇਹ ਸਪੱਸ਼ਟ ਨਹੀਂ ਕੀਤਾ ਸੀ ਕਿ ਇਹ ਸ਼ਿਖਰ ਬੈਠਕ ਅਚਾਨਕ ਖਤਮ ਕਿਉਂ ਹੋ ਗਈ ਪਰ ਹੁਣ ਦਸਤਾਵੇਜ਼ਾਂ ਨਾਲ ਅਜਿਹਾ ਸਮਝਾਉਣ 'ਚ ਮਦਦ ਮਿਲ ਸਕਦੀ ਹੈ। ਸੰਮੇਲਨ ਤੋਂ ਬਾਅਦ ਵ੍ਹਾਈਟ ਹਾਊਸ ਦੇ ਨੈਸ਼ਨਲ ਸਕਿਊਰਿਟੀ ਐਡਵਾਇਜ਼ਰ ਜਾਨ ਬੋਲਟਨ ਨੇ ਕਈ ਟੀ. ਵੀ. ਇੰਟਰਵਿਊ 'ਚ ਇਨ੍ਹਾਂ ਦਸਤਾਵੇਜ਼ਾਂ ਦੀ ਮੌਜੂਦਗੀ ਦਾ ਜ਼ਿਕਰ ਕੀਤਾ ਸੀ। ਬੋਲਟਨ ਨੇ ਇਨਾਂ ਇੰਟਰਵਿਊਆਂ ਦੌਰਾਨ ਇਹ ਖੁਲਾਸਾ ਨਹੀਂ ਕੀਤਾ ਸੀ ਕਿ ਇਨ੍ਹਾਂ ਦਸਤਾਵੇਜ਼ਾਂ 'ਚ ਅਮਰੀਕਾ ਨੇ ਉੱਤਰੀ ਕੋਰੀਆ ਤੋਂ ਆਪਣੇ ਪ੍ਰਮਾਣੂ ਹਥਿਆਰਾਂ ਅਤੇ ਵਿਸਫੋਟਕ ਸਮੱਗਰੀ ਵੀ ਅਮਰੀਕਾ ਨੂੰ ਸੌਂਪਣ ਦੀ ਗੱਲ ਕਹੀ ਹੈ। ਮਾਹਿਰਾਂ ਦਾ ਆਖਣਾ ਹੈ ਕਿ ਬੋਲਟਨ ਵੱਲੋਂ ਪੇਸ਼ ਕੀਤੇ ਗਏ ਇਨ੍ਹਾਂ ਦਸਤਾਵੇਜ਼ਾਂ ਅਤੇ ਪ੍ਰਮਾਣੂ ਹਥਿਆਰਾਂ ਨੂੰ ਤਬਾਹ ਕਰਨ ਦੇ 'ਲੀਬੀਆ ਮਾਡਲ' ਨੂੰ ਉੱਤਰੀ ਕੋਰੀਆ ਨੇ ਖਾਰਿਜ ਕਰ ਦਿੱਤਾ। ਉਥੇ ਕਿਮ ਨੇ ਸ਼ਾਇਦ ਇਸ ਨੂੰ ਆਪਣੇ ਅਪਮਾਨ ਅਤੇ ਗੁਸਤਾਖੀ ਦੇ ਤੌਰ 'ਤੇ ਦੇਖਿਆ ਸੀ।